# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ (ਪਿਕਟਸ)

**ਐਸ.ਸੀ ਓ ਨੰ.162-164, ਤੀਜੀ ਮੰਜ਼ਿਲ, ਸੈਕਟਰ-34/A, ਚੰਡੀਗੜ੍ਹ**

ਵੱਲ

ਸਮੂਹ ਸਕੂਲ ਮੁੱਖੀ
ਪੰਜਾਬ।

ਮੀਮੋ ਨੰ: 1/2-DMICT-2009-10/GEN/R055834
ਮਿਤੀ 14-12-2010

ਵਿਸ਼ਾ: **ਵੈਬਸਾਈਟ ਤੇ ਪਾਏ ਪੱਤਰ-ਵਿਹਾਰ ਦਾ ਡਾਊਨਲੋਡ ਕਰਨ ਉਪਰੰਤ ਹਿਸਾਬ ਕਿਤਾਬ ਰੱਖਣ ਬਾਰੇ।**

1. ਇਸ ਦਫਤਰ ਦੇ ਪੱਤਰ ਨੰ. 1/2-DMICT-2009-10/GEN/46344 ਮਿਤੀ 15.07.2010 ਦਾ ਹਵਾਲਾ ਹੈ ਜੀ।

2. ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਇਸ ਦਫਤਰ ਵੱਲੋਂ ਵੈਬਸਾਈਟ ਤੇ ਪਾਏ ਪੱਤਰਾਂ ਨੂੰ ਡਾਊਨਲੋਡ ਕਰਨ ਉਪਰੰਤ ਸਕੂਲਾਂ ਵੱਲੋਂ ਇਹਨਾਂ ਪੱਤਰਾਂ ਦਾ ਠੀਕ ਤਰ੍ਹਾਂ ਰਿਕਾਰਡ ਨਹੀਂ ਰੱਖਿਆ ਜਾਂਦਾ ਹੈ ਜਿਸ ਕਾਰਨ ਇਸ ਦਫਤਰ ਦੀਆਂ ਬਹੁਤ ਸਾਰੀਆਂ ਹਦਾਇਤਾਂ ਤੇ ਅਮਲ ਨਹੀਂ ਕੀਤਾ ਜਾਂਦਾ ਹੈ।

3. ਇਹ ਯਕੀਨੀ ਬਣਾਉਣ ਲਈ ਕਿ ਇਸ ਦਫਤਰ ਵੱਲੋਂ ਵੈਬਸਾਈਟ ਰਾਹੀਂ ਭੇਜੇ ਪੱਤਰਾਂ ਦਾ ਸਕੂਲਾਂ ਵੱਲੋਂ ਪੂਰਾ-ਪੂਰਾ ਹਿਸਾਬ ਰੱਖਿਆ ਜਾਵੇ, ਹੇਠ ਲਿਖੀਆਂ ਹਦਾਇਤਾਂ ਤੇ ਅਮਲ ਕਰਨਾ ਜ਼ਰੂਰੀ ਹੋਵੇਗਾ:-

(ੳ) ਡਾਊਨਲੋਡ ਕੀਤੇ ਸਾਰੇ ਪੱਤਰਾਂ ਦਾ ਵੇਰਵਾ ਇੱਕ ਰਜਿਸਟਰ ਵਿੱਚ ਦਰਜ ਕੀਤਾ ਜਾਵੇਗਾ ਜਿਸ ਵਿੱਚ ਪੱਤਰ ਨੰ: ਜਾਰੀ ਕਰਨ ਦੀ ਮਿਤੀ, ਪੱਤਰ ਦਾ ਵਿਸ਼ਾ ਅਤੇ ਸਹੀ ਕਰਤਾ ਦੇ ਅਹੁਦੇ ਬਾਰੇ ਜਾਣਕਾਰੀ ਭਰੀ ਜਾਵੇਗੀ।

(ਅ) ਇਹ ਕੰਪਿਊਟਰ ਟੀਚਰ ਦੀ ਜੁੰਮੇਵਾਰੀ ਹੋਵੇਗੀ ਕਿ ਉਹ ਰੋਜਾਨਾ ਸਾਰੇ ਪੱਤਰਾਂ ਨੂੰ ਡਾਊਨਲੋਡ ਕਰਕੇ ਸਕੂਲ ਮੁੱਖੀ ਨੂੰ ਪੁਟ-ਅੱਪ ਕਰੇਗਾ ਅਤੇ ਸਕੂਲ ਮੁੱਖੀ ਤੋਂ ਰਜਿਸਟਰ ਤੇ ਦਸਤਖਤ ਕਰਵਾਏਗਾ। ਸਕੂਲ ਮੁੱਖੀ ਨੂੰ ਦਸਤਖਤ ਕਰਨੇ ਲਾਜਮੀ ਹੋਣਗੇ। ਅਗਰ ਕੋਈ ਪੱਤਰ ਕਿਸੇ ਸਬਜੈਕਟ ਟੀਚਰ ਨਾਲ ਸਬੰਧਤ ਹੈ, ਉਸ ਪੱਤਰ ਦੀ ਅਲਗ ਕਾਪੀ ਡਾਊਨਲੋਡ ਕਰਕੇ ਸਬਜੈਕਟ ਟੀਚਰ ਨੂੰ ਦਿੱਤੀ ਜਾਏਗੀ ਅਤੇ ਰਜਿਸਟਰ ਤੇ ਦਸਤਖਤ ਕਰਵਾਏ ਜਾਣਗੇ।

(ੲ) ਡਾਊਨਲੋਡ ਕੀਤੇ ਸਾਰੇ ਪੱਤਰਾਂ ਦੀ ਕਾਪੀ ਇੱਕ ਫਾਈਲ ਵਿੱਚ ਰਿਕਾਰਡ ਵੱਜੋਂ ਰੱਖੀ ਜਾਵੇਗੀ।

4. ਇਹ ਰਜਿਸਟਰ ਅਤੇ ਫਾਇਲ ਸਕੂਲ ਦੇ ਨਰੀਖਣ ਦੌਰਾਨ ਪੇਸ਼ ਕੀਤੇ ਜਾਣੇ ਚਾਹੀਦੇ ਹਨ।

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**

**ਪਿ ਅੰ ਨੰ** : 1/2-DMICT-2009-10/GEN/R055835 ਮਿਤੀ 14-12-10

ਉਤਾਰਾ:- ਓਪਰੋਕਤ ਦਾ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ)।

(2) ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿੱ)

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**